# ਇਸ ਕਨੂੰਨੀ ਅਤੇ ਇਨਸ਼ੋਰੈਂਸ ਨੇਮਾਵਲੀ ਬਾਰੇ

ਇਹ ਨੇਮਾਵਲੀ ਸਿਹਤ ਸੰਭਾਲ ਪੇਸ਼ਾਵਰਾਂ ਅਤੇ ਉਹਨਾਂ ਦੇ ਸਾਇਲਾਂ (ਗਾਹਕਾਂ) ਲਈ ਸਧਾਰਨ ਹਵਾਲੇ ਦੀ ਗਾਈਡ ਹੈ।

ਇਹ ਤਜਰਬੇਕਾਰ ਕਨੂੰਨੀ ਸਲਾਹਕਾਰ ਦਾ ਬਦਲ ਨਹੀਂ ਹੈ। ਤੁਹਾਡੇ ਦਾਹਵੇ ਵਿੱਚ ਕਈ ਖ਼ਾਸ ਤੱਥ ਹੋ ਸਕਦੇ ਹਨ ਜਿਹਨਾਂ ਦਾ ਨਤੀਜਿਆਂ ‘ਤੇ ਬਹੁਤ ਮਹੱਤਵਪੂਰਨ ਅਸਰ ਹੋ ਸਕਦਾ ਹੈ ਅਤੇ ਕਿਸੇ ਹੋਰ ਵੱਲੋਂ ਤੁਹਾਡੇ ਸੱਟ ਲੱਗ ਜਾਣ ‘ਤੇ ਉਚਿਤ ਮੁਆਵਜ਼ਾ ਲੈਣ ਲਈ ਯਕੀਨੀ ਬਣਾਉਣ ਵਾਸਤੇ ਇਨ੍ਹਾਂ ਤੱਥਾਂ ਨਾਲ ਨਜਿੱਠਣ ਦੀ ਲੋੜ ਹੁੰਦੀ ਹੈ। ਸਾਰਿਆਂ ਮਾਮਲਿਆਂ ਵਿੱਚ ਆਪਣੇ ਹੱਕਾਂ ਬਾਰੇ ਪੱਕਾ ਕਰਨ ਲਈ ਤੁਹਾਨੂੰ ਨਿੱਜੀ ਸੱਟ ਦੇ ਤਜਰਬੇਕਾਰ ਵਕੀਲ ਨਾਲ ਮਸ਼ਵਰਾ ਕਰਨਾ ਚਾਹੀਦਾ ਹੈ।

Oatley, Vigmond
Personal Injury Lawyers LLP

# ਕਨੂੰਨੀ ਅਤੇ ਇਨਸ਼ੋਰੈਂਸ ਨੇਮਾਵਲੀ

ਸਿਹਤ ਸੰਭਾਲ ਪ੍ਰਦਾਨ ਕਰਨ ਵਾਲਿਆਂ ਅਤੇ ਉਹਨਾਂ ਦੇ ਸਾਇਲਾਂ (ਗਾਹਕਾਂ) ਲਈ

## *ਵਿਸ਼ਾ ਸੂਚੀ*


ਸੂਚੀ 1 ***ਕਨੂੰਨੀ ਦਾਹਵਿਆਂ ਬਾਰੇ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ*** ਪੰਨਾ

**ਤੁਹਾਡੇ ਕਨੂੰਨੀ ਹੱਕ – ਆਟੋਮੋਬਾਈਲ ਐਕਸੀਡੈਂਟ ਕਲੇਮਜ਼ ਇਨ ਆਂਟੇਰੀਓ – ਬਿਲ 198**

- ਸੱਟ ਲੱਗਣ ਵਾਲਾ ਦੂਜੇ ਡਰਾਈਵਰ ‘ਤੇ ਹਰਜਾਨੇ ਲਈ ਮੁਕੱਦਮਾ ਕਦੋਂ ਕਰ ਸਕਦਾ ਹੈ? 1
- ਮੁਕੱਦਮੇ ਵਿੱਚ ਕੋਈ ਵਿਅਕਤੀ ਦੂਜੇ ਡਰਾਈਵਰ ਤੋਂ ਕੀ ਹਰਜਾਨਾ ਲੈ ਸਕਦਾ ਹੈ? 1
- ਕੀ ਹਰਜਾਨੇ ਲਈ ਮੁਕੱਦਮਾ ਕਰਨ ਦੇ ਹੱਕਾਂ ‘ਤੇ ਕੋਈ ਬੰਦਸ਼ਾਂ ਹਨ? 1
- ਕੀ ਸਮੇਂ ਦੀਆਂ ਕੋਈ ਪਾਬੰਦੀਆਂ ਹਨ? 2
- ਕੀ ਕੋਈ ਅਜਿਹੀਆਂ ਕਾਰਵਾਈਆਂ ਹਨ ਜੋ ਟੱਕਰ (ਹਾਦਸਾ) ਹੋ ਜਾਣ ਦੇ ਤੁਰੰਤ ਬਾਅਦ ਸੱਟ ਲੱਗਣ ਵਾਲੇ ਵਿਅਕਤੀ ਨੂੰ ਕਰਨੀਆਂ ਚਾਹੀਦੀਆਂ ਹਨ? 2
- ਜੇ ਦੂਜੇ ਡਰਾਈਵਰ ਕੋਲ ਇਨਸ਼ੋਰੈਂਸ ਨਾ ਹੋਵੇ ਜਾਂ ਸੱਟ ਲੱਗਣ ਵਾਲੇ ਵਿਅਕਤੀ ਨੂੰ ਅਜਿਹੇ ਡਰਾਈਵਰ ਨੇ ਫੇਟ ਮਾਰੀ ਹੋਵੇ ਜੋ ਹਾਦਸੇ ਦੇ ਮੌਕੇ ਤੋਂ ਭੱਜ ਗਿਆ ਹੋਵੇ, ਤਾਂ? 2
- ਜੇ ਨਾ ਹੀ ਸੱਟ ਲੱਗਣ ਵਾਲੇ ਵਿਅਕਤੀ ਕੋਲ ਅਤੇ ਨਾ ਹੀ ਦੂਜੇ ਡਰਾਈਵਰ ਕੋਲ ਕੋਈ ਇਨਸ਼ੋਰੈਨਸ ਹੋਵੇ, ਤਾਂ? 2

ਸੂਚੀ 2 ***ਹਾਦਸੇ ਨਾਲ ਸੰਬੰਧਤ ਲਾਭ–ਬਿਲ 198 ਅਧੀਨ ਬੁਨਿਆਦੀ ਹੱਕ***

- ਹਾਦਸੇ ਨਾਲ ਸੰਬੰਧਤ ਲਾਭ ਕੀ ਹਨ? 3
- ਇਸ ਲਈ ਕੌਣ ਯੋਗ ਹੈ? 3
- ਜੇ ਹਾਦਸੇ ਲਈ, ਸੱਟ ਲੱਗਣ ਵਾਲੇ ਵਿਅਕਤੀ ਦਾ ਪੂਰਾ ਜਾਂ ਕੁੱਝ ਕਸੂਰ ਹੋਵੇ, ਕੀ ਇਸ ਦਾ ਕੋਈ ਫ਼ਰਕ ਪੈਂਦਾ ਹੈ? 3
- ਜੇ ਸੱਟ ਲੱਗਣ ਵਾਲਾ ਵਿਅਕਤੀ ਟੱਕਰ (ਹਾਦਸਾ) ਹੋਣ ਸਮੇਂ ਸ਼ਰਾਬ ਪੀ ਕੇ ਗੱਡੀ ਚਲਾ ਰਿਹਾ ਹੋਵੇ, ਤਾਂ? 3
- ਹਾਦਸੇ ਨਾਲ ਸੰਬੰਧਤ ਲਾਭਾਂ ਲਈ ਅਰਜ਼ੀ ਦੇਣ ਵਾਸਤੇ ਮੇਰੇ ਕੋਲ ਕਿੰਨਾਂ ਸਮਾਂ ਹੈ? 4
- ਹਾਦਸੇ ਨਾਲ ਸੰਬੰਧਤ ਲਾਭਾਂ ਲਈ ਮੈਂ ਕਿਹੜੀ ਇਨਸ਼ੋਰੈਂਸ ਕੰਪਨੀ ਨੂੰ ਅਰਜ਼ੀ ਦੇਵਾਂ? 4

- ਕਿਹੜੇ ਲਾਭ ਉਪਲਬਧ ਹਨ? 4
- ਇਨ੍ਹਾਂ ਲਾਭਾਂ ਲਈ ਕਿੰਨੇ ਪੈਸੈ ਮਿਲਦੇ ਹਨ ਅਤੇ ਕਿੰਨੇ ਸਮੇਂ ਲਈ? 4
- ਵਿਨਾਸ਼ਕਾਰੀ ਵਿਗਾੜ ਕੀ ਹੁੰਦਾ ਹੈ? 5
- ਸਾਰਾਂਸ਼ 5

ਸੂਚੀ 3 ***ਅਦਾਲਤ ਵੱਲੋਂ ਹਰਜਾਨਾ ਮਿਲ ਸਕਣ ਵਾਲੇ ਅਪਰਾਧਾਂ ਸੰਬੰਧੀ ਬੁਨਿਆਦੀ ਹੱਕ ਅਤੇ "ਲਾਪਰਵਾਹੀ" ਦਾ ਸਿਧਾਂਤ***

- "ਲਾਪਰਵਾਹੀ" ਕੀ ਹੁੰਦੀ ਹੈ ਅਤੇ ਇਸਦੀਆਂ ਕੁੱਝ ਉਦਾਹਰਣਾਂ ਕੀ ਹਨ? 6
- ਕੀ ਮੁਆਵਜ਼ੇ ਦੀ ਰਕਮ ਵਸੂਲ ਕਰਨ ਦੀਆਂ ਕੋਈ ਸੀਮਾਵਾਂ ਹਨ? 6
- ਜਿਹੜੇ ਹਾਦਸੇ ਮੋਟਰ ਵਹੀਕਲ ਨਾਲ ਸੰਬੰਧਤ ਨਹੀਂ – ਉਹ ਵੱਖਰੇ ਕਿਉਂ ਹੁੰਦੇ ਹਨ? 6
- ਜੇ ਮਾਲਕ ਮਕਾਨ ਦੀ ਲਾਪਰਵਾਹੀ ਹੋਵੇ, ਤਾਂ? 6
- ਜੇ ਕਾਰਪੋਰੇਸ਼ਨ ਜਾਂ ਕਿਸੇ ਹੋਰ ਹਸਤੀ ਦੀ ਲਾਪਰਵਾਹੀ ਹੋਵੇ, ਤਾਂ? ਕੀ ਉਹਨਾਂ ਕੋਲ ਦੇਣਦਾਰੀ ਦੀ ਕੋਈ ਅਜਿਹੀ ਇਨਸ਼ੋਰੈਂਸ ਹੁੰਦੀ ਹੈ ਜੋ ਜਵਾਬਦੇਹ ਹੋਵੇ? 7
- ਜੇ ਸ਼ਹਿਰ (City) ਜਾਂ ਸਰਕਾਰ ਦੀ ਕੋਈ ਸ਼ਰੇਣੀ ਲਾਪਰਵਾਹ ਹੋਵੇ, ਤਾਂ? ਕੀ ਕਿਸੇ ਵੱਲੋਂ ਸ਼ਹਿਰ ਜਾਂ ਸਰਕਾਰ 'ਤੇ ਮੁਕੱਦਮਾ ਕੀਤਾ ਜਾ ਸਕਦਾ ਹੈ? 7
- ਜੇ ਅਜਿਹਾ ਕੋਈ ਵੀ ਨਾ ਹੋਵੇ ਜਿਸ 'ਤੇ ਮੁਕੱਦਮਾ ਕੀਤਾ ਜਾ ਸਕੇ, ਤਾਂ? 7
- ਨਿੱਜੀ ਸੱਟਾਂ ਦੇ ਵਕੀਲ (Personal Injury Lawyer) ਨਾਲ ਸੰਪਰਕ ਕਿਉਂ ਕੀਤਾ ਜਾਵੇ? 7

ਸੂਚੀ 4 ***ਪਾਬੰਦੀ ਅਤੇ ਨੋਟਿਸ ਦੀਆਂ ਮਿਆਦਾਂ***

- ਪਾਬੰਦੀ ਅਤੇ ਨੋਟਿਸ ਦੀਆਂ ਮਿਆਦਾਂ ਕੀ ਹੁੰਦੀਆਂ ਹਨ? 9
- ਪਾਬੰਦੀ ਅਤੇ ਨੋਟਿਸ ਦੀਆਂ ਸਧਾਰਨ ਮਿਆਦਾਂ 9

ਸੂਚੀ 5 ***ਵਕੀਲਾਂ ਦੀ ਡਾਇਰੈਕਟਰੀ*** 11


Deleted:

Deleted: 11

Formatted: Bottom: 0.88"

# *ਤੁਹਾਡੇ ਕਨੂੰਨੀ ਹੱਕ – ਆਟੋਮੋਬਾਈਲ ਐਕਸੀਡੈਂਟ ਕਲੇਮਜ਼ ਇਨ ਆਂਟੇਰੀਓ – ਬਿਲ 198*

ਜੇ ਆਂਟੇਰੀਓ ਵਿੱਚ, ਤੁਹਾਨੂੰ ਕਿਸੇ ਮੋਟਰ ਵਾਹਨ (ਆਟੋਮੋਬਾਈਲ) ਹਾਦਸੇ ਵਿੱਚ ਸੱਟ ਲੱਗ ਜਾਂਦੀ ਹੈ ਤਾਂ ਤੁਹਾਨੂੰ ਮੁਕੱਦਮਾ ਕਰਨ ਦਾ ਹੱਕ ਹੋ ਸਕਦਾ ਹੈ। ਇਸ ਨੇਮਾਵਲੀ ਵਿੱਚ, ਬਿਲ 198 – ਆਂਟੇਰੀਓ ਦੀ ਮੌਜੂਦਾ ਆਟੋਮੋਬਾਈਲ ਇਨਸ਼ੋਰੈਂਸ ਸਕੀਮ ਦੇ ਅਧੀਨ ਸੱਟ ਲੱਗਣ ਵਾਲੇ ਵਿਅਕਤੀ ਦੇ ਬੁਨਿਆਦੀ ਹੱਕਾਂ ਦਾ ਸੰਖੇਪ ਸਾਰ ਅੰਸ਼ ਦਿੱਤਾ ਗਿਆ ਹੈ।

### *ਸੱਟ ਲੱਗਣ ਵਾਲਾ ਵਿਅਕਤੀ ਦੂਜੇ ਡਰਾਈਵਰ 'ਤੇ ਮੁਕੱਦਮਾ ਕਦੋਂ ਕਰ ਸਕਦਾ ਹੈ?*

ਆਮ ਤੌਰ 'ਤੇ ਕੋਈ ਵਿਅਕਤੀ ਲਾਪਰਵਾਹ ਜਾਂ ਹਾਦਸੇ ਲਈ ਜ਼ੁੰਮੇਵਾਰ ਡਰਾਈਵਰ 'ਤੇ ਮੁਕੱਦਮਾ ਕਰ ਸਕਦਾ ਹੈ, ਜੇਕਰ ਉਹਨਾਂ ਦੇ:

- ਹਾਦਸੇ ਵਿੱਚ ਸੱਟ ਲੱਗੀ ਹੈ; ਜਾਂ
- ਪਰਿਵਾਰ ਦੇ ਕਿਸੇ ਸਦੱਸ ਦੇ ਸੱਟ ਲੱਗੀ ਹੋਵੇ ਜਾਂ ਹਾਦਸੇ ਵਿੱਚ ਮੌਤ ਹੋ ਗਈ ਹੋਵੇ।

ਕੋਈ ਵਿਅਕਤੀ ਤਾਂ ਵੀ ਦੂਜੇ ਡਰਾਈਵਰ 'ਤੇ ਮੁਕੱਦਮਾ ਕਰ ਸਕਦਾ ਹੈ ਭਾਵੇਂ:

- ਉਹ ਜਾਂ ਪਰਿਵਾਰ ਦਾ ਕੋਈ ਸਦੱਸ ਹਾਦਸੇ ਲਈ ਕੁੱਝ ਹੱਦ ਤੀਕ ਜ਼ੁੰਮੇਵਾਰ ਹੋਵੇ ਅਤੇ/ਜਾਂ
- ਉਹ ਸ਼ਰਾਬ ਪੀ ਕੇ ਗੱਡੀ ਚਲਾ ਰਿਹਾ/ਰਹੀ ਹੋਵੇ

ਐਪਰ, ਜੇ ਕੋਈ ਵਿਅਕਤੀ ਜਿਸ ਹਾਦਸੇ ਦੀ ਲਪੇਟ ਵਿੱਚ ਆਇਆ ਹੈ, ਉਹ ਹਾਦਸਾ ਹੋਣ ਸਮੇਂ ਬਿਨਾਂ ਇਨਸ਼ੋਰੈਂਸ ਤੋਂ ਗੱਡੀ ਚਲਾ ਰਿਹਾ ਹੈ ਤਾਂ ਉਹ ਵਿਕਅਤੀ ਦੂਜੇ ਡਰਾਈਵਰ 'ਤੇ ਮੁਕੱਦਮਾ ਨਹੀਂ ਕਰ ਸਕਦਾ।

### *ਮੁਕੱਦਮੇ ਵਿੱਚ ਕੋਈ ਵਿਅਕਤੀ ਦੂਜੇ ਡਰਾਈਵਰ ਤੋਂ ਕੀ ਹਰਜਾਨਾ ਲੈ ਸਕਦਾ ਹੈ?*

ਸੱਟ ਲੱਗਣ ਵਾਲਾ ਵਿਅਕਤੀ ਅਜਿਹਾ ਹਰਜਾਨਾ ਵਸੂਲ ਕਰ ਸਕਦਾ ਹੈ ਜੋ ਉਸਦੇ ਹੇਠ ਦਰਜ ਘਾਟੇ ਪੂਰੇ ਕਰੇਗਾ:

- ਆਰਥਕ ਘਾਟੇ
- ਕਮਾਈ ਕਰਨ ਦੀ ਸਮਰੱਥਾ ਦਾ ਘਾਟਾ
- ਘਰ ਦੀ ਸਫ਼ਾਈ ਕਰਨ ਅਤੇ ਦੇਖ ਭਾਲ਼ ਦੇ ਕੰਮ ਕਰਨ ਦੀ ਸਮਰੱਥਾ ਦਾ ਘਾਟਾ; ਅਤੇ
- ਆਪਣੀ ਜੇਬ ਵਿੱਚੋਂ ਕੀਤੇ ਖ਼ਰਚੇ।

ਜੇਕਰ ਸੱਟ ਲੱਗਣ ਵਾਲੇ ਵਿਅਕਤੀ ਦੇ ਅਜਿਹੀ ਸੱਟ ਲੱਗੀ ਹੈ ਜੋ ਕੁੱਝ ਖਾਸ "ਮਾਪਦੰਡ" ਪੂਰੇ ਕਰਦੀ ਹੋਵੇ ਤਾਂ ਉਹ ਵਿਅਕਤੀ ਹੇਠ ਦਰਜ ਲਈ ਵੀ ਮੁਕੱਦਮਾ ਕਰ ਸਕਦਾ ਹੈ:

- ਪੀੜ, ਦੁੱਖ ਅਤੇ ਜੀਵਨ ਦਾ ਅਨੰਦ ਨਾ ਮਾਣ ਸਕਣ ਦਾ ਘਾਟਾ;
- ਪਰਿਵਾਰ ਦੇ ਸਦੱਸ ਦਾ ਸਨੇਹ, ਅਗਵਾਈ ਅਤੇ ਸਾਥ ਦਾ ਘਾਟਾ; ਅਤੇ
- ਸਿਹਤ ਸੰਭਾਲ ਦੇ ਖ਼ਰਚੇ।

### *ਕੀ ਹਰਜਾਨੇ ਲਈ ਮੁਕੱਦਮਾ ਕਰਨ ਦੇ ਹੱਕਾਂ 'ਤੇ ਕੋਈ ਬੰਦਸ਼ਾਂ ਹਨ?*

ਹਾਂ, ਕਈ ਮਹੱਤਵਪੂਰਨ ਬੰਦਸ਼ਾਂ ਹਨ, ਸਮੇਤ ਇਨ੍ਹਾਂ ਦੇ:

- ਮੁਕੱਦਮਾ ਦਾਇਰ ਕਰਨ ਦੀ ਤਾਰੀਖ ਜਾਂ ਦਾਹਵੇ ਦਾ ਫ਼ੈਸਲਾ ਹੋਣ ਤੀਕ ਵਿਅਕਤੀ ਲਈ ਮੁਆਵਜ਼ੇ ਦੀ ਹੱਦ ਉਸਦੀ ਆਮਦਨੀ ਦਾ 80% ਹੈ;

- ਕੋਈ ਵਿਅਕਤੀ ਆਪਣੀ ਸਿਹਤ ਸੰਭਾਲ ਦੇ ਖ਼ਰਚੇ ਅਤੇ ਆਪਣੀ ਪੀੜ, ਦੁੱਖ ਅਤੇ ਜੀਵਨ ਦਾ ਅਨੰਦ ਨਾ ਮਾਣ ਸਕਣ ਦੇ ਘਾਟੇ ਲਈ ਤਾਂ ਹੀ ਦਾਹਵਾ ਕਰ ਸਕਦਾ ਹੈ ਜੇ ਉਸਦੀਆਂ ਸੱਟਾਂ ਕੁੱਝ ਖਾਸ "ਮਾਪਦੰਡ" ਪੂਰੇ ਕਰਦੀਆਂ ਹੋਣ;
- "ਮਾਪਦੰਡ" ਇਹ ਨਿਰਧਾਰਤ ਕਰਦਾ ਹੈ ਕਿ ਵਿਅਕਤੀ ਸਥਾਈ ਗੰਭੀਰ ਕਰੂਪਤਾ, ਜਾਂ ਕਿਸੇ ਮਹੱਤਵਪੂਰਨ ਸਰੀਰਕ, ਦਿਮਾਗੀ ਜਾਂ ਮਾਨਸਿਕ ਕਿਰਿਆ ਦੇ ਸਥਾਈ ਗੰਭੀਰ ਵਿਗਾੜ ਤੋਂ ਲਾਜ਼ਮੀ ਪੀੜਤ ਹੋਵੇ। ਬਹੁਤ ਵੇਰਾਂ ਇਹ ਨਿਰਧਾਰਤ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ ਕਿ, ਕੀ ਵਿਗਾੜ ਮਾਪਦੰਡ ਪੂਰਾ ਕਰਦੇ ਹਨ ਕਿ ਨਹੀਂ ਅਤੇ ਸੱਟ ਲੱਗਣ ਵਾਲੇ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਨਿੱਜੀ ਸੱਟਾਂ ਦੇ ਸੂਝਵਾਨ ਵਕੀਲ ਨਾਲ ਮਸ਼ਵਰਾ ਕਰੇ।
- ਪੀੜ, ਦੁੱਖ ਅਤੇ ਜੀਵਨ ਦਾ ਅਨੰਦ ਨਾ ਮਾਣ ਸਕਣ ਲਈ ਮਿਲਣ ਵਾਲੇ ਹਰਜਾਨੇ 'ਤੇ $30,000.00 ਕਟੌਤੀ ਦੀ ਸ਼ਰਤ ਲਾਗੂ ਹੁੰਦੀ ਹੈ, ਐਪਰ, ਜਦੋਂ ਹਰਜਾਨਾ $100,000.00 ਤੋਂ ਵੱਧ ਹੋਵੇ ਤਾਂ ਕਟੌਤੀ ਲਾਗੂ ਨਹੀਂ ਹੁੰਦੀ;
- ਪਰਿਵਾਰ ਦੇ ਕਿਸੇ ਸਦੱਸ ਦੇ ਸੱਟ ਲੱਗਣ ਜਾਂ ਮੌਤ ਹੋ ਜਾਣ ਕਾਰਨ ਉਸਦੀ ਅਗਵਾਈ, ਸਨੇਹ ਅਤੇ ਸਾਥ ਦੇ ਘਾਟੇ ਨੂੰ ਪੂਰਾ ਕਰਨ ਲਈ ਮਿਲਣ ਵਾਲੇ ਹਰਜਾਨੇ 'ਤੇ $15,000.00 ਕਟੌਤੀ ਦੀ ਸ਼ਰਤ ਲਾਗੂ ਹੁੰਦੀ ਹੈ, ਐਪਰ, ਜਦੋਂ ਹਰਜਾਨਾ $50,000.00 ਤੋਂ ਵੱਧ ਹੋਵੇ ਤਾਂ ਕਟੌਤੀ ਲਾਗੂ ਨਹੀਂ ਹੁੰਦੀ; ਅਤੇ
- ਪਰਿਵਾਰ ਦੇ ਕਿਸੇ ਸਦੱਸ ਦੇ ਸੱਟ ਲੱਗਣ ਕਾਰਨ ਉਸਦੀ ਅਗਵਾਈ, ਸਨੇਹ ਅਤੇ ਸਾਥ ਦੇ ਘਾਟੇ ਨੂੰ ਪੂਰਾ ਕਰਨ ਲਈ ਹਰਜਾਨਾ ਲੈਣ ਦੇ ਯੋਗ ਹੋਣ ਲਈ ਸੱਟ ਲੱਗਣ ਵਾਲੇ ਵਿਅਕਤੀ ਦੀਆਂ ਸੱਟਾਂ ਵੀ ਉਸ "ਮਾਪਦੰਡ" ਨੂੰ ਲਾਜ਼ਮੀ ਪੂਰੀਆਂ ਕਰਦੀਆਂ ਹੋਣ।

*ਕੀ ਸਮੇਂ ਦੀਆਂ ਕੋਈ ਪਾਬੰਦੀਆਂ ਹਨ?*

ਆਮ ਤੌਰ 'ਤੇ ਦੂਜੇ ਡਰਾਈਵਰ(ਾਂ) ਵਿਰੁੱਧ ਮੁਕੱਦਮਾ ਕਰਨ ਲਈ ਵਿਅਕਤੀ ਕੋਲ ਹਾਦਸਾ ਹੋਣ ਦੀ ਤਾਰੀਖ ਤੋਂ ਲੈ ਕੇ ਦੋ ਸਾਲ ਤਕ ਦਾ ਸਮਾਂ ਹੁੰਦਾ ਹੈ। ਐਪਰ, ਇਹ ਪਾਬੰਦੀ ਦਾ ਸਮਾਂ ਕੁੱਝ ਖਾਸ ਹਾਲਤਾਂ ਵਿੱਚ ਵਧਾਇਆ ਵੀ ਜਾ ਸਕਦਾ ਹੈ।

*ਕੀ ਕੋਈ ਅਜਿਹੀਆਂ ਕਾਰਵਾਈਆਂ ਹਨ ਜੋ ਟੱਕਰ (ਹਾਦਸਾ) ਹੋ ਜਾਣ ਦੇ ਤੁਰੰਤ ਬਾਅਦ ਸੱਟ ਲੱਗਣ ਵਾਲੇ ਵਿਅਕਤੀ ਨੂੰ ਕਰਨੀਆਂ ਚਾਹੀਦੀਆਂ ਹਨ?*

ਕੋਈ ਵਿਅਕਤੀ ਜੋ ਦਾਹਵਾ ਕਰਨਾ ਚਾਹੁੰਦਾ ਹੈ ਉਸ ਲਈ ਜ਼ਰੂਰੀ ਹੈ ਕਿ ਉਹ:

- ਹਾਦਸਾ ਹੋਣ ਦੇ 120 ਦਿਨਾ ਦੇ ਅੰਦਰ ਅੰਦਰ ਦੂਜੇ ਡਰਾਈਵਰ(ਾਂ) ਨੂੰ ਮੁਕੱਦਮਾ ਕਰਨ ਦੇ ਆਪਣੇ ਇਰਾਦੇ ਬਾਰੇ ਸੂਚਿਤ ਕਰੇ; ਅਤੇ
- ਹਰਜਾਨੇ ਲਈ ਮੁਕੱਦਮਾ ਕਰਨ ਤੋਂ ਪਹਿਲਾਂ ਹਾਦਸੇ ਨਾਲ ਸੰਬੰਧਤ ਲਾਭਾਂ ਲਈ ਅਰਜ਼ੀ ਦੇਵੇ।

*ਜੇ ਦੂਜੇ ਡਰਾਈਵਰ ਕੋਲ ਇਨਸ਼ੋਰੈਂਸ ਨਾ ਹੋਵੇ ਜਾਂ ਸੱਟ ਲੱਗਣ ਵਾਲੇ ਵਿਅਕਤੀ ਨੂੰ ਅਜਿਹੇ ਡਰਾਈਵਰ ਨੇ ਫੇਟ ਮਾਰੀ ਹੋਵੇ ਜੋ ਹਾਦਸੇ ਦੇ ਮੌਕੇ ਤੋਂ ਭੱਜ ਗਿਆ ਹੋਵੇ?*

ਜੇਕਰ ਸੱਟ ਲੱਗਣ ਲਈ, ਹਾਦਸੇ ਦੇ ਮੌਕੇ ਤੋਂ ਭੱਜ ਗਿਆ ਡਰਾਈਵਰ ਜਾਂ ਬਿਨਾਂ ਇਨਸ਼ੋਰੈਂਸ ਤੋਂ ਗੱਡੀ ਚਲਾਉਣ ਵਾਲਾ(ਲੇ) ਡਰਾਈਵਰ ਜ਼ੁੰਮੇਵਾਰ ਹੈ ਤਾਂ ਸੱਟ ਲੱਗਣ ਵਾਲਾ ਵਿਅਕਤੀ ਹਰਜਾਨੇ ਲਈ ਆਪਣੀ ਇਨਸ਼ੋਰੈਨਸ ਕੰਪਨੀ 'ਤੇ ਮੁਕੱਦਮਾ ਕਰ ਸਕਦਾ ਹੈ। ਕ੍ਰਿਪਾ ਕਰਕੇ ਹੋਰ ਵਿਸਤਾਰ ਲਈ ਨਿੱਜੀ ਸੱਟਾਂ ਦੇ ਸੂਝਵਾਨ ਵਕੀਲ ਨਾਲ ਮਸ਼ਵਰਾ ਕਰੋ।

*ਜੇ ਨਾ ਹੀ ਸੱਟ ਲੱਗਣ ਵਾਲੇ ਵਿਅਕਤੀ ਕੋਲ ਅਤੇ ਨਾ ਹੀ ਦੂਜੇ ਡਰਾਈਵਰ ਕੋਲ ਕੋਈ ਇਨਸ਼ੋਰੈਨਸ ਹੋਵੇ, ਤਾਂ?*

ਜਦੋਂ ਤੀਕ ਕੋਈ ਵਿਕਅਤੀ ਉਸ ਸਮੇਂ ਗੱਡੀ ਨਹੀਂ ਚਲਾ ਰਿਹਾ ਸੀ ਜਦੋਂ ਉਸ ਕੋਲ ਇਨਸ਼ੋਰੈਂਸ ਨਹੀਂ ਸੀ, ਉਹ ਫਿਰ ਵੀ ਹਰਜਾਨੇ ਲਈ ਮੁਕੱਦਮਾ ਕਰ ਸਕਦਾ ਹੈ। ਵਸੂਲੀ ਦੀ ਚਾਰਾਜੋਈ ਸਰਕਾਰ ਵੱਲੋਂ ਚਲਾਏ ਜਾਂਦੇ ਮੋਟਰ ਵਹੀਕਲ ਐਕਸੀਡੈਂਟ ਕਲੇਮ ਫੰਡ ਰਾਹੀਂ ਕੀਤੀ ਜਾਂਦੀ ਹੈ।

# *ਹਾਦਸੇ ਨਾਲ ਸੰਬੰਧਤ ਲਾਭ-ਬਿਲ 198 ਅਧੀਨ ਬੁਨਿਆਦੀ ਹੱਕ*

ਇਹ ਭਾਗ ਹਾਦਸੇ ਨਾਲ ਸੰਬੰਧਤ ਲਾਭਾਂ ਬਾਰੇ ਦੱਸਦਾ ਹੈ – ਇਹ ਲਾਭ ਆਂਟੇਰੀਓ ਵਿੱਚ ਮੋਟਰ ਵਾਹਨ ਹਾਦਸਿਆਂ ਦੇ ਸ਼ਿਕਾਰ ਸਾਰੇ ਵਿਅਕਤੀਆਂ ਨੂੰ ਉਹਨਾਂ ਦੀ ਆਮਦਨ ਦੇ ਬਦਲ ਲਈ ਅਤੇ ਵਸਤਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਉਪਲਬਧ ਹਨ, ਭਾਵੇਂ ਉਹਨਾਂ ਦੀ ਗਲਤੀ ਹੈ ਜਾਂ ਨਹੀਂ।

### *ਹਾਦਸੇ ਨਾਲ ਸੰਬੰਧਤ ਲਾਭ ਕੀ ਹਨ?*

ਹਾਦਸੇ ਨਾਲ ਸੰਬੰਧਤ ਲਾਭ, ਤੁਹਾਡੀ ਕਾਰ ਦੀ ਇਨਸ਼ੋਰੈਂਸ ਪਾਲਿਸੀ ਅਧੀਨ ਮਿਲਣ ਵਾਲੇ ਲਾਭ ਹਨ। ਕਨੂੰਨ ਅਨੁਸਾਰ ਆਂਟੇਰੀਓ ਵਿੱਚ ਇਨਸ਼ੋਰੈਂਸ ਦੀ ਹਰ ਇੱਕ ਪਾਲਿਸੀ ਇੱਕੋ ਜਿਹੀ ਹੈ, ਪਰ ਲੋਕ ਹੋਰ ਵਧੀਕ ਲਾਭ ਵੀ ਖ਼ਰੀਦ ਸਕਦੇ ਹਨ।

### *ਇਸ ਲਈ ਕੌਣ ਯੋਗ ਹੈ?*

ਹਾਦਸੇ ਵਿੱਚ ਸੱਟ ਲੱਗਣ ਵਾਲਾ ਕੋਈ ਵੀ ਵਿਅਕਤੀ ਹਾਦਸੇ ਨਾਲ ਸੰਬੰਧਤ ਲਾਭ ਲੈਣ ਦੇ ਯੋਗ ਹੈ। ਕੋਈ ਵਿਅਕਤੀ ਜਿਸ ਨੂੰ, ਉਸਦੇ ਕਿਸੇ ਖਾਸ ਰਿਸ਼ਤੇਦਾਰਾਂ ਅਤੇ ਆਸਰਤਾਂ ਦੇ ਹਾਦਸੇ ਵਿੱਚ ਸੱਟ ਲੱਗਣ ਕਾਰਨ ਮਾਨਸਿਕ ਜਾਂ ਦਿਮਾਗੀ ਦੁੱਖ ਪਹੁੰਚਦਾ ਹੈ, ਉਹ ਵੀ ਹਾਦਸੇ ਨਾਲ ਸੰਬੰਧਤ ਲਾਭ ਲੈਣ ਦੇ ਯੋਗ ਹੈ।

### *ਜੇ ਹਾਦਸੇ ਲਈ ਸੱਟ ਲੱਗਣ ਵਾਲੇ ਵਿਅਕਤੀ ਦਾ ਪੂਰਾ ਜਾਂ ਕੁੱਝ ਕਸੂਰ ਹੋਵੇ, ਕੀ ਇਸ ਦਾ ਕੋਈ ਫ਼ਰਕ ਪੈਂਦਾ ਹੈ?*

ਨਹੀਂ। ਭਾਵੇਂ ਵਿਅਕਤੀ ਹਾਦਸੇ ਲਈ ਜ਼ੁੰਮੇਵਾਰ ਹੈ ਜਾਂ ਉਸ ਕੋਲ ਕੋਈ ਇਨਸ਼ੋਰੈਂਸ ਹੈ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਉਹ ਹਾਦਸੇ ਨਾਲ ਸੰਬੰਧਤ ਲਾਭਾਂ ਦਾ ਹੱਕਦਾਰ ਹੈ।

### *ਜੇ ਸੱਟ ਲੱਗਣ ਵਾਲਾ ਵਿਅਕਤੀ ਟੱਕਰ (ਹਾਦਸਾ) ਹੋਣ ਸਮੇਂ ਸ਼ਰਾਬ ਪੀ ਕੇ ਗੱਡੀ ਚਲਾ ਰਿਹਾ ਹੋਵੇ, ਤਾਂ?*

ਜੇ ਤੁਸੀਂ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਦੋਸ਼ੀ ਮੰਨੇ ਗਏ ਜਾਂ ਸਾਹ ਦਾ ਨਮੂੰਨਾਂ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਤੁਹਾਨੂੰ ਮਿਲ ਸਕਣ ਵਾਲੇ ਲਾਭਾਂ ਵਿੱਚੋਂ ਕੁੱਝ ਲਾਭ ਨਹੀ ਮਿਲਣਗੇ। ਐਪਰ, ਤੁਸੀਂ ਫਿਰ ਵੀ ਡਾਕਟਰੀ, ਪੁਨਰ ਬਹਾਲੀ (ਸਿਹਤ ਦੀ) ਅਤੇ ਸੰਭਾਲ ਲਈ ਸੇਵਾਦਾਰ ਦੇ ਲਾਭਾਂ ਲਈ ਹੱਕਦਾਰ ਹੋ ਸਕੋਗੇ।

### *ਜੇ ਸੱਟ ਲੱਗਣ ਵਾਲਾ ਵਿਅਕਤੀ ਟੱਕਰ (ਹਾਦਸਾ) ਹੋਣ ਸਮੇਂ ਕੰਮ ਕਰਦਾ ਹੋਵੇ, ਤਾਂ?*

ਜੇ ਕੋਈ ਵਿਅਕਤੀ ਹਾਦਸਾ ਹੋਣ ਸਮੇਂ ਆਪਣੀ ਮੁਲਾਜ਼ਮਤ ਦੇ ਫ਼ਰਜ਼ ਨਿਭਾ ਰਿਹਾ ਹੋਵੇ ਤਾਂ ਉਹ ਕਾਮਿਆਂ ਨੂੰ ਮਿਲਣ ਵਾਲੇ ਮੁਆਵਜ਼ੇ ਦਾ ਹੱਕਦਾਰ ਹੋ ਸਕਦਾ ਹੈ। ਇਹ ਲਾਭ *ਵਰਕਪਲੇਸ ਸੇਫ਼ਟੀ ਐਂਡ ਇਨਸ਼ੋਰੈਂਸ ਐਕਟ* ਅਧੀਨ ਦਿੱਤੇ ਜਾਂਦੇ ਹਨ। ਜੇ ਤੁਹਾਨੂੰ, ਆਪਣੀ ਮੁਲਾਜ਼ਮਤ ਦੇ ਫ਼ਰਜ਼ ਨਿਭਾਉਂਦੇ ਹੋਏ ਕਿਸੇ ਮੋਟਰ ਵਾਹਨ ਹਾਦਸੇ ਵਿੱਚ ਸੱਟ ਲੱਗ ਜਾਂਦੀ ਹੈ ਤਾਂ ਕਿਸੇ ਵੀ ਤਰ੍ਹਾਂ ਦੇ ਲਾਭਾਂ ਲਈ ਅਰਜ਼ੀ ਦੇਣ ਤੋਂ ਪਹਿਲਾਂ ਤੁਹਾਨੂੰ ਵਕੀਲ ਨਾਲ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ।

### *ਹਾਦਸੇ ਨਾਲ ਸੰਬੰਧਤ ਲਾਭਾਂ ਲਈ ਅਰਜ਼ੀ ਦੇਣ ਵਾਸਤੇ ਮੇਰੇ ਕੋਲ ਕਿੰਨਾਂ ਸਮਾਂ ਹੈ?*

ਤਹਾਡੇ ਕੋਲ ਆਪਣੀ ਇਨਸ਼ੋਰੈਂਸ ਕੰਪਨੀ ਨੂੰ, ਹਾਦਸੇ ਨਾਲ ਸੰਬੰਧਤ ਲਾਭਾਂ ਦੇ ਦਾਹਵੇ ਲਈ ਆਪਣੇ ਇਰਾਦੇ ਦੀ ਸੂਚਨਾਂ ਦੇਣ ਵਾਸਤੇ ਹਾਦਸੇ ਦੀ ਤਾਰੀਖ ਤੋਂ ਲੈ ਕੇ ਇੱਕ ਹਫ਼ਤੇ ਦਾ ਸਮਾਂ ਹੁੰਦਾ ਹੈ। ਐਪਰ, ਸਮੇਂ ਦੀ ਇਸ ਸੀਮਾ ਦੀ ਪਾਲਣਾ ਨਾ ਕਰਨਾ ਤੁਹਾਨੂੰ ਹਾਦਸੇ ਨਾਲ ਸੰਬੰਧਤ ਲਾਭ ਲੈਣ ਤੋਂ ਰੋਕਦਾ ਨਹੀਂ, ਬਸ਼ਰਤੇ, ਤੁਹਾਡੇ ਕੋਲ ਦੇਰੀ ਕਰਨ ਦਾ ਕੋਈ ਵਾਜਬ ਸਪਸ਼ਟੀਕਰਨ ਹੋਵੇ।

### *ਹਾਦਸੇ ਨਾਲ ਸੰਬੰਧਤ ਲਾਭਾਂ ਲਈ ਮੈਂ ਕਿਹੜੀ ਇਨਸ਼ੋਰੈਂਸ ਕੰਪਨੀ ਨੂੰ ਅਰਜ਼ੀ ਦੇਵਾਂ?*

ਆਮ ਤੌਰ ‘ਤੇ ਸੱਟ ਲੱਗਣ ਵਾਲਾ ਵਿਅਕਤੀ ਹਾਦਸੇ ਨਾਲ ਸੰਬੰਧਤ ਲਾਭਾਂ ਲਈ ਉਸ ਇਨਸ਼ੋਰੈਂਸ ਕੰਪਨੀ ਨੂੰ ਅਰਜ਼ੀ ਦੇਵੇਗਾ ਜਿਸਨੇ ਉਹਨਾਂ ਦੇ ਵਾਹਨ ਦੀ ਇਨਸ਼ੋਰੈਂਸ ਕੀਤੀ ਹੋਵੇ।

ਜੇ ਉਸ ਸਮੇਂ ਜਦੋਂ ਤੁਹਾਡੇ ਸੱਟ ਲੱਗੀ ਸੀ ਤੁਹਾਡੇ ਕੋਲ ਆਪਣੀ ਕਾਰ ਇਨਸ਼ੋਰੈਂਸ ਨਹੀਂ ਸੀ, ਤਾਂ ਤੁਸੀਂ ਉਸ ਕਾਰ ਜਿਸ ਵਿੱਚ ਤੁਹਾਡੇ ਸੱਟ ਲੱਗੀ ਸੀ ਜਾਂ ਤੁਹਾਨੂੰ ਪੈਦਲ ਚਲਦਿਆਂ ਜਿਸ ਕਾਰ ਨੇ ਫੇਟ ਮਾਰੀ ਸੀ, ਦੀ ਇਨਸ਼ੋਰੈਂਸ ਕਰਨ ਵਾਲੀ ਕੰਪਨੀ ਨੂੰ ਹਾਦਸੇ ਨਾਲ ਸੰਬੰਧਤ ਲਾਭਾਂ ਲਈ ਅਰਜ਼ੀ ਦੇ ਸਕਦੇ ਹੋ।

ਜੇ ਇਨ੍ਹਾਂ ਵਿੱਚੋਂ ਕੁੱਝ ਵੀ ਤੁਹਾਡੇ ‘ਤੇ ਲਾਗੂ ਨਹੀਂ ਹੁੰਦਾ, ਤੁਹਾਨੂੰ ਚਾਹੀਦਾ ਹੈ ਕਿ ਹਾਦਸੇ ਵਿੱਚ ਸ਼ਾਮਲ ਕਿਸੇ ਵੀ ਵਾਹਨ ਦੀ ਇਨਸ਼ੋਰੈਂਸ ਕਰਨ ਵਾਲੀ ਕੰਪਨੀ ਤੋਂ ਹਾਦਸੇ ਨਾਲ ਸੰਬੰਧਤ ਲਾਭ ਲੈਣ ਲਈ ਅਰਜ਼ੀ ਦਿਉ।

ਅੰਤ ਨੂੰ ਜੇ ਹਾਦਸੇ ਵਿੱਚ ਸ਼ਾਮਲ ਕਿਸੇ ਵੀ ਵਾਹਨ ਕੋਲ ਇਨਸ਼ਰੈਂਸ ਨਹੀਂ ਹੈ ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਮੋਟਰ ਵਹੀਕਲ ਐਕਸੀਡੈਂਟ ਕਲੇਮ ਫੰਡ ਤੋਂ ਹਾਦਸੇ ਨਾਲ ਸੰਬੰਧਤ ਲਾਭ ਲੈਣ ਲਈ ਅਰਜ਼ੀ ਦਿਉ।

### *ਕਿਹੜੇ ਲਾਭ ਉਪਲਬਧ ਹਨ?*

ਤੁਸੀਂ ਹਾਦਸੇ ਨਾਲ ਸੰਬੰਧਤ ਹੇਠ ਦਰਜ ਲਾਭ ਲੈਣ ਦੇ ਹੱਕਦਾਰ ਹੋ ਸਕਦੇ ਹੋ:

- ਆਮਦਨ ਪੂਰਤੀ ਲਈ ਲਾਭ;
- ਕਮਾਈ ਨਾ ਕਰਨ ਦੇ ਲਾਭ;
- ਸਾਂਭ ਸੰਭਾਲ ਕਰਨ ਵਾਲੇ ਦੇ ਲਾਭ;
- ਘਰ ਦੀ ਸਫ਼ਾਈ ਅਤੇ ਦੇਖ ਭਾਲ਼ ਲਈ ਲਾਭ;
- ਪੜ੍ਹਾਈ ਦੇ ਖ਼ਰਚਿਆਂ ਦਾ ਨੁਕਸਾਨ;
- ਕੱਪੜਿਆਂ, ਐਨਕਾਂ ਅਤੇ ਸੁਣਨ ਵਿੱਚ ਮਦਦ ਕਰਨ ਵਾਲੀ ਮਸ਼ੀਨ ਆਦਿ ਨੂੰ ਹੋਏ ਨੁਕਸਾਨ ਲਈ ਖ਼ਰਚੇ;
- ਮਿਲਣ ਲਈ ਆਉਣ ਵਾਲਿਆਂ ਦੇ ਖ਼ਰਚੇ;
- ਡਾਕਟਰੀ ਅਤੇ ਪੁਨਰ ਬਹਾਲੀ (ਸਿਹਤ ਦੀ) ਦੇ ਲਾਭ;
- ਮੌਤ ਅਤੇ ਅੰਤਮ ਰਸਮਾਂ ਨਾਲ ਸੰਬੰਧਤ ਲਾਭ;
- ਮਾਮਲੇ ਸੰਬੰਧੀ ਪ੍ਰਬੰਧਕੀ ਸੇਵਾਵਾਂ; (Case Manager Services) ਅਤੇ
- ਸਿਹਤ ਸੰਭਾਲ ਲਈ ਸੇਵਾਦਾਰ ਦੇ ਲਾਭ।

### *ਇਨ੍ਹਾਂ ਲਾਭਾਂ ਲਈ ਕਿੰਨੇ ਪੈਸੈ ਮਿਲਦੇ ਹਨ ਅਤੇ ਕਿੰਨੇ ਸਮੇਂ ਲਈ?*

ਤੁਸੀਂ ਹੇਠ ਦਰਜ ਲਾਭਾਂ ਦੇ ਯੋਗ ਹੋ ਸਕਦੇ ਹੋ:

- ਆਮਦਨ ਪੂਰਤੀ ਲਈ ਲਾਭ: ਆਪਣੀ ਅਸਲ ਆਮਦਨੀ ਦਾ 80% ਤਕ ਜਿਸ ਦੀ ਵੱਧ ਤੋਂ ਵੱਧ ਹੱਦ $400 ਪ੍ਰਤੀ ਹਫ਼ਤਾ ਹੈ;

- ਕਮਾਈ ਨਾ ਕਰਨ ਲਈ ਲਾਭ: $185.00 ਪ੍ਰਤੀ ਹਫ਼ਤਾ, ਜੇ ਤੁਸੀਂ ਹਾਦਸਾ ਹੋਣ ਸਮੇਂ ਕੰਮ ਨਹੀਂ ਕਰ ਰਹੇ। ਇਹ ਲਾਭ ਹਾਦਸਾ ਵਾਪਰਨ ਦੀ ਤਾਰੀਖ ਤੋਂ 6 ਮਹੀਨੇ ਪਿੱਛੋਂ ਸ਼ੁਰੂ ਹੁੰਦਾ ਹੈ;
- ਸਾਂਭ ਸੰਭਾਲ ਕਰਨ ਵਾਲੇ ਦੇ ਲਾਭ: $250 ਪ੍ਰਤੀ ਹਫ਼ਤਾ, ਜੇ ਸੰਭਾਲ ਦੇ ਲੋੜਵੰਦ ਵਿਅਕਤੀ ਲਈ ਤੁਸੀਂ ਹੀ ਮੁੱਖ ਸਾਂਭ ਸੰਭਾਲ ਪ੍ਰਦਾਨ ਕਰਨ ਵਾਲੇ ਹੋ, ਇਸ ਤੋਂ ਇਲਾਵਾ ਸੰਭਾਲ ਦੇ ਲੋੜਵੰਦ ਹੋਰ ਵਿਕਅਤੀਆਂ ਲਈ $50 ਪ੍ਰਤੀ ਵਿਅਕਤੀ:
- ਡਾਕਟਰੀ ਅਤੇ ਪੁਨਰ ਬਹਾਲੀ (ਸਿਹਤ ਦੀ) ਦੇ ਲਾਭ: ਜੇ ਤੁਹਾਡੇ ਨਾ-ਵਿਨਾਸ਼ਕਾਰੀ ਸੱਟ ਲੱਗੀ ਹੈ ਤਾਂ $100,000 ਤੀਕ 10 ਸਾਲਾਂ ਤੀਕ। ਜੇ ਤੁਹਾਡੇ ਵਿਨਾਸ਼ਕਾਰੀ ਸੱਟ ਲੱਗੀ ਹੈ ਤਾਂ ਸਾਰੇ ਜੀਵਨ ਕਾਲ ਵਿੱਚ $1,000,000 ਤੀਕ;
- ਸਿਹਤ ਸੰਭਾਲ ਲਈ ਸੇਵਾਦਾਰ ਦੇ ਲਾਭ: $72,000 ਤੀਕ (ਵੱਧ ਤੋਂ ਵੱਧ $3,000 ਪ੍ਰਤੀ ਮਹੀਨਾ) ਜੇ ਤੁਹਾਡੇ ਨਾ-ਵਿਨਾਸ਼ਕਾਰੀ ਸੱਟ ਲੱਗੀ ਹੈ। ਜੇ ਤੁਹਾਡੇ ਵਿਨਾਸ਼ਕਾਰੀ ਸੱਟ ਲੱਗੀ ਹੈ $1,000,000 ਤੀਕ (ਵੱਧ ਤੋਂ ਵੱਧ $6000 ਪ੍ਰਤੀ ਮਹੀਨਾ) ਤੁਹਾਡੇ ਪੂਰੇ ਜੀਵਨ ਕਾਲ ਵਿੱਚ;
- ਮੌਤ ਹੋ ਜਾਣ ਨਾਲ ਸੰਬੰਧਤ ਲਾਭ: ਹਾਦਸੇ ਦੇ ਸ਼ਿਕਾਰ ਵਿਅਕਤੀ ਦੇ ਪਤੀ/ਪਤਨੀ ਨੂੰ $25,000 ਅਤੇ ਉਸ ਉੱਪਰ ਨਿਰਭਰ ਹਰ ਇੱਕ ਨੂੰ $10,000;
- ਅੰਤਮ ਰਸਮਾਂ ਸੰਬੰਧੀ ਲਾਭ: ਅੰਤਮ ਰਸਮਾਂ ਲਈ $6,000;
- ਪੜ੍ਹਾਈ ਦੇ ਖ਼ਰਚਿਆਂ ਦਾ ਨੁਕਸਾਨ: $15,000 ਤੀਕ
- ਘਰ ਦੀ ਸਫ਼ਾਈ ਅਤੇ ਦੇਖ ਭਾਲ਼ ਲਈ ਲਾਭ: ਜੇ ਤੁਹਾਡੇ ਨਾ-ਵਿਨਾਸ਼ਕਾਰੀ ਸੱਟ ਲੱਗੀ ਹੈ ਤਾਂ $100 ਪ੍ਰਤੀ ਹਫ਼ਤਾ 2 ਸਾਲਾਂ ਤੀਕ। ਜੇ ਤੁਹਾਡੇ ਵਿਨਾਸ਼ਕਾਰੀ ਸੱਟ ਲੱਗੀ ਹੈ ਤਾਂ $100 ਪ੍ਰਤੀ ਹਫ਼ਤਾ ਪੂਰੇ ਜੀਵਨ ਕਾਲ ਲਈ।

ਇਨ੍ਹਾਂ ਲਾਭਾਂ ਦੀ ਰਕਮ ਵਧਾਈ ਵੀ ਜਾ ਸਕਦੀ ਹੈ ਜੇ ਤੁਸੀਂ ਹੋਰ ਇਖ਼ਤਿਆਰੀ ਲਾਭ ਖ਼ਰੀਦੇ ਹਨ।

### *ਵਿਨਾਸ਼ਕਾਰੀ ਵਿਗਾੜ ਕੀ ਹੁੰਦਾ ਹੈ?*

ਇਹ ਬਹੁਤ ਹੀ ਗੰਭੀਰ ਸਰੀਰਕ ਸੱਟਾਂ ਹੁੰਦੀਆਂ ਹਨ, ਜਿਹਨਾਂ ਵਿੱਚ ਇਹ ਸ਼ਾਮਲ ਹਨ:

- ਸਰੀਰ ਦਾ 55% ਹਿੱਸਾ ਵਿਗੜ ਜਾਣਾ;
- ਸਰੀਰ ਦੇ ਹੇਠਲੇ ਹਿੱਸੇ ਦਾ ਅਧਰੰਗ;
- ਦੋਵੇਂ ਬਾਹਵਾਂ ਅਤੇ ਦੋਵੇਂ ਲੱਤਾਂ ਦਾ ਅਧਰੰਗ;
- ਦੋਵੇਂ ਅੱਖਾਂ ਚਲੀਆਂ ਜਾਣੀਆਂ;
- ਦੋਵੇਂ ਬਾਹਵਾਂ ਅਤੇ ਦੋਵੇ ਲੱਤਾਂ ਕੱਟੀਆਂ ਜਾਣੀਆਂ;
- ਇੱਕ ਬਾਂਹ ਅਤੇ ਇੱਕ ਲੱਤ ਕੱਟੀ ਜਾਣੀ;
- ਗਲਾਸਗੋ ਕੋਮਾ ਸਕੇਲ (Glasgow Coma Scale) 'ਤੇ 9 ਜਾਂ ਇਸ ਤੋਂ ਘੱਟ ਅੰਕ;
- ਸਪੱਸ਼ਟ ਜਾਂ ਅਤਿਅਧਿਕ ਮਾਨਸਿਕ ਜਾਂ ਸ਼ਿਸ਼ਟਾਚਾਰਕ ਵਿਗਾੜ।

ਵਿਨਾਸ਼ਕਾਰੀ ਵਿਗਾੜ ਦੀ ਪ੍ਰੀਭਾਸ਼ਾ ਬਹੁਤ ਹੀ ਜਟਿਲ ਹੈ ਅਤੇ ਅਕਸਰ ਇਹ ਨਿਰਧਾਰਤ ਕਰਨਾ ਮੁਸ਼ਕਿਲ ਹੁੰਦਾ ਹੈ ਕਿ, ਕੀ ਵਿਗਾੜ ਇਸ ਪ੍ਰੀਭਾਸ਼ਾ 'ਤੇ ਪੂਰੇ ਉੱਤਰਦੇ ਹਨ। ਜੇ ਸੱਟ ਲੱਗਣ ਵਾਲੇ ਵਿਅਕਤੀ ਇਹ ਸਮਝਦੇ ਹੋਣ ਕਿ ਉਹ ਇੱਕ ਵਿਨਾਸ਼ਕਾਰੀ ਵਿਗਾੜ ਤੋਂ ਪੀੜਤ ਹੋ ਗਏ ਹਨ ਤਾਂ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਨਿੱਜੀ ਸੱਟਾਂ ਬਾਰੇ ਸੂਝਵਾਨ ਵਕੀਲ ਨਾਲ ਸਲਾਹ ਮਸ਼ਵਰਾ ਕਰਨ।

### *ਸਾਰਾਂਸ਼*

ਸੰਖੇਪ ਵਿੱਚ, ਹਾਦਸੇ ਨਾਲ ਸੰਬੰਧਤ ਲਾਭ ਪ੍ਰਾਪਤ ਕਰਨ ਦੀ ਪ੍ਰੀਕਿਰਿਆ ਅਤਿਅੰਤ ਪੇਚੀਦਾ ਹੈ। ਸਮੇਂ ਦੀ ਪਾਬੰਦੀ ਬਹੁਤ ਹੁੰਦੀ ਹੈ ਅਤੇ ਬਹੁਤ ਸਾਰੇ ਫ਼ਾਰਮ ਅਤੇ ਸਰਟੀਫ਼ਿਕੇਟ ਮੁਕੰਮਲ ਕਰਨੇ ਹੁੰਦੇ ਹਨ। ਨਿੱਜੀ ਸੱਟਾਂ ਬਾਰੇ ਸੂਝਵਾਨ ਵਕੀਲ ਦਾ ਮਸ਼ਵਰਾ ਲੈਣ ਨਾਲ ਉਹ ਤੁਹਾਡੇ ਬਣਦੇ ਸਾਰੇ ਲਾਭਾਂ ਤੀਕ ਜਿੰਨੀ ਛੇਤੀ ਹੋ ਸਕੇ ਪਹੁੰਚ ਕਰਨ ਵਿੱਚ ਤੁਹਾਡੀ ਮਦਦ ਕਰੇਗਾ।

# *ਅਦਾਲਤ ਵੱਲੋਂ ਹਰਜਾਨਾ ਮਿਲ ਸਕਣ ਵਾਲੇ ਅਪਰਾਧਾਂ ਸੰਬੰਧੀ ਬੁਨਿਆਦੀ ਹੱਕ ਅਤੇ "ਲਾਪਰਵਾਹੀ" ਦਾ ਸਿਧਾਂਤ*

ਇਹ ਭਾਗ ਅਦਾਲਤ ਵੱਲੋਂ ਹਰਜਾਨਾ ਮਿਲ ਸਕਣ ਵਾਲੇ ਅਪਰਾਧਾਂ ਸੰਬੰਧੀ ਬੁਨਿਆਦੀ ਹੱਕਾਂ ਅਤੇ "ਲਾਪਰਵਾਹੀ" ਦੇ ਸਿਧਾਂਤ ਨਾਲ ਸੰਬੰਧਤ ਹੈ। ਇਹ ਸਧਾਰਨ ਢੰਗ ਨਾਲ ਵਿਆਖਿਆ ਕਰਦਾ ਹੈ ਕਿ ਸੱਟ ਲੱਗਣ ਵਾਲਾ ਵਿਅਕਤੀ ਕਦੋਂ ਅਦਾਲਤ ਵਿੱਚ ਮੁਕੱਦਮਾ ਕਰ ਸਕਦਾ ਹੈ।

### *"ਲਾਪਰਵਾਹੀ" ਕੀ ਹੁੰਦੀ ਹੈ ਅਤੇ ਇਸਦੀਆਂ ਕੁੱਝ ਉਦਾਹਰਣਾਂ ਕੀ ਹਨ?*

ਲਾਪਰਵਾਹੀ ਉਦੋਂ ਪੈਦਾ ਹੁੰਦੀ ਹੈ ਜਦੋਂ ਕੋਈ ਵਿਅਕਤੀ ਦੂਜੇ ਵਿਅਕਤੀ ਨੂੰ ਚੋਟ ਪਹੁੰਚਾਉਂਦਾ ਹੈ ਕਿਉਂਕਿ ਉਸਨੇ ਲੋੜੀਂਦੇ ਪੱਧਰ ਦੀ ਚੌਕਸੀ ਵਰਤਣ ਤੋਂ ਕੁਤਾਹੀ ਕੀਤੀ ਹੋਵੇ। ਅਜਿਹੀਆਂ ਹਾਲਤਾਂ ਵਿੱਚ, ਸੱਟ ਲੱਗਣ ਵਾਲੇ ਵਿਅਕਤੀ ਨੂੰ ਲਾਪਰਵਾਹ ਵਿਅਕਤੀ ਵਿਰੁੱਧ ਹਰਜਾਨੇ ਦਾ ਮੁਕੱਦਮਾ ਕਰਨ ਦਾ ਹੱਕ ਹੋ ਸਕਦਾ ਹੈ। ਆਮ ਤੌਰ 'ਤੇ ਲਾਪਰਵਾਹੀ ਉਦੋਂ ਪੈਦਾ ਹੁੰਦੀ ਹੈ ਜਦੋਂ:

- ਡਾਰਈਵਰ ਸੜਕ 'ਤੇ ਚੱਲਣ ਦੇ ਨਿਯਮਾਂ ਦੀ ਪਾਲਣਾ ਨਾ ਕਰਨ ਦੀ ਕੁਤਾਹੀ ਕਰਦੇ ਹਨ;
- ਜ਼ਮੀਨ ਦੇ ਮਾਲਕ ਜ਼ਮੀਨ ਨੂੰ ਅਸੁਰੱਖਿਅਤ ਹਾਲਤਾਂ ਵਿੱਚ ਰੱਖਦੇ ਹਨ, ਜਿਸ ਨਾਲ ਉਸ ਅਹਾਤੇ ਨੂੰ ਵਰਤਣ ਵਾਲਿਆਂ ਨੂੰ ਖ਼ਤਰਾ ਅਤੇ ਚੋਟ ਪਹੁੰਚ ਸਕਦੀ ਹੈ;
- ਸ਼ਰਾਬਖਾਨੇ ਅਤੇ ਰੈਸਤਰਾਂ ਵਾਲੇ ਸਰਪਰਸਤਾਂ ਨੂੰ ਸ਼ਰਾਬੀ ਹੋਣ ਦਿੰਦੇ ਹਨ ਜਿਸ ਕਾਰਨ ਉਹ ਆਪਣੇ ਆਪ ਜਾਂ ਦੂਜਿਆਂ ਨੂੰ ਚੋਟ ਪਹੁੰਚਾਉਂਦੇ ਹਨ;
- ਡਾਕਟਰ ਅਤੇ ਦੂਜੇ ਪੇਸ਼ਾਵਰ ਆਪਣੇ ਮਰੀਜ਼ਾਂ ਜਾਂ ਸਾਇਲਾਂ (ਗਾਹਕਾਂ) ਨੂੰ ਵੇਖਣ ਵੇਲੇ ਲੋੜੀਂਦੇ ਪੱਧਰ ਦੀ ਚੌਕਸੀ ਵਰਤਣ ਤੋਂ ਕੁਤਾਹੀ ਕਰਦੇ ਹਨ।

### *ਕੀ ਮੋਟਰ ਵਾਹਨਾਂ ਦੇ ਹਾਦਸੇ ਲਈ ਮੁਆਵਜ਼ੇ ਦੀ ਰਕਮ ਵਸੂਲ ਕਰਨ ਦੀਆਂ ਕੋਈ ਸੀਮਾਵਾਂ ਹਨ?*

ਇਸ ਪ੍ਰਸ਼ਨ ਦਾ ਸਿੱਧਾ ਸਾਦਾ ਜਵਾਬ ਹੈ "ਨਹੀਂ"। ਐਪਰ, ਅਸਲੀਅਤ ਵਿੱਚ ਸੱਟ ਲੱਗਣ ਵਾਲੇ ਬਹੁਤੇ ਵਿਅਕਤੀ ਉਪਲਬਧ ਇਨਸ਼ੋਰੈਂਸ ਪਾਲਿਸੀਆਂ ਦੀ ਸੀਮਾ ਅਨੁਸਾਰ ਹੀ ਰਕਮ ਵਸੂਲ ਕਰ ਸਕਦੇ ਹਨ, ਸਿਵਾਏ ਇਸ ਦੇ ਕਿ ਮੁਦਾਲਾ (ਦੋਸ਼ੀ) ਬਹੁਤ ਅਮੀਰ ਜਾਂ ਕੋਈ ਵੱਡੀ ਕੰਪਨੀ ਹੋਵੇ। ਮੋਟਰ ਕਾਰ ਹਾਦਸਿਆਂ ਦੀ ਸੂਰਤ ਵਿੱਚ ਹੇਠ ਦਰਜ ਖਾਸ ਕਵਰੇਜ ਉਪਲਬਧ ਹੁੰਦੀ ਹੈ:

- ਮੋਟਰ ਵਾਹਨਾਂ ਦੇ ਬਹੁਤੇ ਡਰਾਈਵਰਾਂ ਦੀਆਂ ਪਾਲਿਸੀਆਂ ਵਿੱਚ ਇਨਸ਼ੋਰੈਂਸ ਦੀ ਸੀਮਾ ਘੱਟ ਤੋਂ ਘੱਟ $500,000 ਜਾਂ $1,000,000 ਹੁੰਦੀ ਹੈ;
- ਜੇ ਲਾਪਰਵਾਹ ਡਰਾਈਵਰ ਕੋਲ ਇਨਸ਼ੋਰੈਂਸ ਨਾ ਹੋਵੇ ਜਾਂ ਘੱਟ ਹੋਵੇ ਤਾਂ ਵਾਧੂ ਕਵਰੇਜ ਸੱਟ ਲੱਗਣ ਵਾਲੇ ਵਿਅਕਤੀ ਦੀ ਆਪਣੀ ਮੋਟਰ ਕਾਰ ਇਨਸ਼ਰੈਂਸ ਪਾਲਿਸੀ ਪ੍ਰਦਾਨ ਕਰਦੀ ਹੈ;

### *ਜਿਹੜੇ ਹਾਦਸੇ ਮੋਟਰ ਵਹੀਕਲ ਨਾਲ ਸੰਬੰਧਤ ਨਹੀਂ – ਉਹ ਵੱਖਰੇ ਕਿਉਂ ਹੁੰਦੇ ਹਨ?*

ਜਿਹੜੇ ਸਾਇਲ (ਗਾਹਕ) ਗੈਰ-ਮੋਟਰ ਵਾਹਨ ਹਾਦਸੇ ਵਿੱਚ ਅਪਾਹਜ ਹੋ ਜਾਂਦੇ ਹਨ ਉਹਨਾਂ ਨੂੰ ਦੋ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ:

1. ਮੋਟਰ ਵਾਹਨ ਹਾਦਸੇ ਦੇ ਸ਼ਿਕਾਰ ਵਿਅਕਤੀਆਂ ਦੇ ਉਲਟ, ਇਹ ਸਾਇਲ (ਗਾਹਕ) "ਹਾਦਸੇ ਨਾਲ ਸੰਬੰਧਤ ਲਾਭਾਂ" ਲਈ ਅਰਜ਼ੀ ਨਹੀਂ ਦੇ ਸਕਦੇ।
2. ਉਹਨਾਂ ਲਈ ਜ਼ਰੂਰੀ ਹੈ ਕਿ ਉਹ ਲਾਪਰਵਾਹ ਦੋਸ਼ੀ (ਮੁਦਾਲਾ) ਨੂੰ ਲੱਭਣ ਜਿਸ ਕੋਲ ਸਮਝੌਤੇ ਜਾਂ ਕਨੂੰਨੀ ਫ਼ੈਸਲੇ ਅਨੁਸਾਰ ਰਕਮ ਅਦਾ ਕਰਨ ਲਈ ਲੋੜੀਂਦੀ ਸੰਪਤੀ ਜਾਂ ਇਨਸ਼ੋਰੈਂਸ ਹੋਵੇ।

### *ਜੇ ਮਾਲਕ ਮਕਾਨ ਦੀ ਲਾਪਰਵਾਹੀ ਹੋਵੇ, ਤਾਂ?*

ਜੇ ਮਾਲਕ ਮਕਾਨ ਲਾਪਰਵਾਹ ਹੋਵੇ ਅਤੇ ਉਸ ਦੇ ਨਤੀਜੇ ਵਜੋਂ ਕਿਸੇ ਵਿਅਕਤੀ ਦੇ ਸੱਟ ਲੱਗ ਜਾਵੇ ਤਾਂ ਸੱਟ ਲੱਗਣ ਵਾਲੇ ਵਿਅਕਤੀ ਦੇ ਦਾਹਵੇ ਦੇ ਜਵਾਬ ਵਿੱਚ ਮਾਲਕ ਮਕਾਨ ਦੇ ਘਰ ਦੀ ਇਨਸ਼ੋਰੈਂਸ ਇਹ ਕਵਰੇਜ ਪ੍ਰਦਾਨ ਕਰ ਸਕਦੀ ਹੈ। ਘਰਾਂ ਦੇ ਮਾਲਕ ਜਾਂ ਅਪਾਰਟਮੈਂਟਾਂ ਵਿੱਚ ਰਹਿਣ ਵਾਲੇ ਬਹੁਤੇ ਲੋਕਾਂ ਕੋਲ ਘਰ ਦੇ ਮਾਲਕ ਵਾਲੀ ਇਨਸ਼ੋਰੈਂਸ ਹੁੰਦੀ ਹੈ। ਐਪਰ, ਮੋਟਰ ਕਾਰ ਦੀ ਇਨਸ਼ੋਰੈਂਸ ਦੇ ਉਲਟ ਮਕਾਨ ਮਾਲਕਾਂ ਨੂੰ ਕਨੂੰਨੀ ਤੌਰ ‘ਤੇ ਇਨਸ਼ੋਰੈਂਸ ਖਰੀਦਣੀ ਜ਼ਰੂਰੀ ਨਹੀਂ। ਬਹੁਤੇ ਮਕਾਨ ਮਾਲਕਾਂ ਦੀਆਂ ਪਾਲਿਸੀਆਂ ਵਿੱਚ ਹੇਠ ਦਰਜ ਵਿਸ਼ੇਸ਼ਤਾਵਾਂ ਹੁੰਦੀਆਂ ਹਨ:

- ਜਿਸ ਵਿਅਕਤੀ ਨੇ ਇਨਸ਼ੋਰੈਂਸ ਖਰੀਦੀ ਹੈ ਉਸ ਲਈ ਹੀ ਨਹੀਂ ਸਗੋਂ ਉਸ ਦੇ ਪਤੀ/ਪਤਨੀ ਅਤੇ ਉਹਨਾਂ ‘ਤੇ ਨਿਰਭਰ ਹੋਣ ਵਾਲਿਆਂ ਲਈ ਵੀ ਕਵਰੇਜ ਹੁੰਦੀ ਹੈ;
- ਘਰ ਦੇ ਅੰਦਰ ਜਾਂ ਉਸ ਦੀ ਜਾਇਦਾਦ ਉੱਪਰ ਵਾਪਰਨ ਵਾਲੀਆਂ ਘਟਨਾਵਾਂ ਲਈ ਕਵਰੇਜ;
- ਘਰੋਂ ਦੂਰ ਵਾਪਰਨ ਵਾਲੀਆਂ ਘਟਨਾਵਾਂ ਲਈ ਕਵਰੇਜ, ਸਮੇਤ ਕਿਸ਼ਤੀ ਦੇ ਹਾਦਸੇ, ਬਾਈਸਾਈਕਲ ਦੇ ਹਾਦਸੇ, ਖੇਡਾਂ ਖੇਡਦਿਆਂ ਹੋਣ ਵਾਲੇ ਹਾਦਸੇ ਅਤੇ ਹੋਰ ਬਹੁਤ ਹਾਲਤਾਂ ਜਿਹਨਾਂ ਵਿੱਚ ਲਾਪਰਵਾਹੀ ਵਰਤੀ ਗਈ ਹੋਵੇ;
- ਇਨਸ਼ੋਰੈਂਸ ਦੀ ਹੱਦ $1,000,000 ਹੁੰਦੀ ਹੈ।

### *ਜੇ ਕਾਰਪੋਰੇਸ਼ਨ ਜਾਂ ਕਿਸੇ ਹੋਰ ਹਸਤੀ ਦੀ ਲਾਪਰਵਾਹੀ ਹੋਵੇ, ਤਾਂ? ਕੀ ਉਹਨਾਂ ਕੋਲ ਦੇਣਦਾਰੀ ਦੀ ਕੋਈ ਅਜਿਹੀ ਇਨਸ਼ੋਰੈਂਸ ਹੁੰਦੀ ਹੈ ਜੋ ਜਵਾਬਦੇਹ ਹੋ ਸਕੇ?*

ਕਾਰਪੋਰੇਸ਼ਨਾਂ, ਛੋਟੀਆਂ ਕੰਪਨੀਆਂ ਅਤੇ ਹੋਰ ਹਸਤੀਆਂ ਕੋਲ ਆਮ ਤੌਰ ‘ਤੇ ਉਹਨਾਂ ਜਾਂ ਉਹਨਾਂ ਦੇ ਮੁਲਾਜ਼ਮਾਂ ਵੱਲੋਂ ਲਾਪਰਵਾਹੀ ਨਾਲ ਕੀਤੀਆਂ ਕਾਰਵਾਈਆਂ ਕਾਰਨ ਕਿਸੇ ਨੂੰ ਚੋਟ ਪਹੁੰਚਾਉਣ ਲਈ ਹੋਣ ਵਾਲੇ ਹਰਜਾਨੇ ਦੇ ਮੁਕੱਦਮਿਆਂ ਤੋਂ ਬਚਾਅ ਲਈ ਦੇਣਦਾਰੀ ਦੀ ਇਨਸ਼ੋਰੈਂਸ ਹੁੰਦੀ ਹੈ। ਦੇਣਦਾਰੀ ਦੀ ਇਨਸ਼ੋਰੈਂਸ ਕਰਵਾਉਣ ਵਾਲੇ ਵਪਾਰਕ ਅਦਾਰਿਆਂ ਦੀ ਆਮ ਉਦਾਹਰਣ ਰੈਸਟੋਰੈਂਟ ਅਤੇ ਸ਼ਰਾਬਖਾਨੇ ਹਨ।

### *ਜੇ ਸ਼ਹਿਰ (City) ਜਾਂ ਸਰਕਾਰ ਦੀ ਕੋਈ ਸ਼ਰੇਣੀ ਲਾਪਰਵਾਹ ਹੋਵੇ, ਤਾਂ? ਕੀ ਕਿਸੇ ਵੱਲੋਂ ਸ਼ਹਿਰ ਜਾਂ ਸਰਕਾਰ ‘ਤੇ ਮੁਕੱਦਮਾ ਕੀਤਾ ਜਾ ਸਕਦਾ ਹੈ?*

ਇਸਦਾ ਜਵਾਬ ਹੈ “ਹਾਂ”। ਮਿਊਂਸਿਪੈਲਟੀਆਂ, ਕਾਊਂਟੀਆਂ ਅਤੇ ਪ੍ਰਾਂਤਾਂ ਦੀਆਂ ਖਾਸ ਜ਼ੁੰਮੇਵਾਰੀਆਂ ਹਨ ਜੋ ਉਹਨਾਂ ਨੂੰ ਪੂਰੀਆਂ ਕਰਨੀਆਂ ਪੈਂਦੀਆਂ ਹਨ। ਉਦਾਹਰਣ ਵਜੋਂ, ਪ੍ਰਾਂਤ ਦੀ ਇਹ ਜ਼ੁੰਮੇਵਾਰੀ ਹੈ ਕਿ ਉਹ ਸਾਡੇ ਹਾਈਵੇ ਗਰਮੀਆਂ ਅਤੇ ਸਰਦੀਆਂ ਦੋਵਾਂ ਵਿੱਚ ਚੰਗੀ ਹਾਲਤ ਵਿੱਚ ਰੱਖੇ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਸਰਕਾਰੀ ਅਦਾਰਿਆਂ ਵਿਰੁੱਧ ਦਾਹਵਾ ਕਰਨ ਲਈ ਸਮੇਂ ਦੀ ਹੱਦ ਬਹੁਤ ਹੀ ਥੋੜੀ ਹੁੰਦੀ ਹੈ। ਜੇ ਤੁਹਾਨੂੰ ਇਹ ਸ਼ੱਕ ਹੋਵੇ ਕਿ ਤੁਹਾਡੇ ਸੱਟ ਲੱਗਣ ਲਈ ਸਰਕਾਰੀ ਅਦਾਰਾ ਜ਼ੁੰਮੇਵਾਰ ਹੈ ਤਾਂ ਤੁਹਾਨੂੰ ਤੁਰੰਤ ਕਿਸੇ ਨਿੱਜੀ ਸੱਟਾਂ ਦੇ ਮਾਹਰ ਵਕੀਲ ਨਾਲ ਮਸ਼ਵਰਾ ਕਰਨਾ ਚਾਹੀਦਾ ਹੈ।

### *ਜੇ ਅਜਿਹਾ ਕੋਈ ਵੀ ਨਾ ਹੋਵੇ ਜਿਸ ‘ਤੇ ਮੁਕੱਦਮਾ ਕੀਤਾ ਜਾ ਸਕੇ, ਤਾਂ?*

ਵਕੀਲ ਤੋਂ ਬਿਨਾਂ ਇਹ ਨਿਰਧਾਰਤ ਕਰਨਾ ਅਸੰਭਵ ਹੈ ਕਿ ਹਾਦਸੇ ਲਈ ਕੋਈ ਵਿਅਕਤੀ ਜਾਂ ਹਸਤੀ, ਕੁੱਝ ਜਾਂ ਪੂਰੇ ਰੂਪ ਵਿੱਚ ਜ਼ੁੰਮੇਵਾਰ ਨਹੀਂ। ਇੱਥੋਂ ਤੀਕ ਕਿ ਇਨਸ਼ੋਰੈਨਸ ਅਡਜਸਟਰ ਵੀ ਇਹ ਨਿਰਧਾਰਤ ਕਰਨ ਦੀ ਹਾਲਤ ਵਿੱਚ ਨਹੀਂ ਹੁੰਦਾ। ਕੇਵਲ ਨਿੱਜੀ ਸੱਟਾਂ ਦਾ ਯੋਗ ਵਕੀਲ ਹੀ ਅਸਰਦਾਇਕ ਢੰਗ ਨਾਲ ਇਹ ਨਿਰਧਾਰਤ ਕਰ ਸਕਦਾ ਹੈ, ਕਿ ਕੀ ਉਸਦੇ ਸਾਇਲ (ਗਾਹਕ) ਨੂੰ ਕਿਸੇ ਤੀਜੀ ਧਿਰ ਵਿਰੁੱਧ ਮੁਆਵਜ਼ੇ ਲਈ ਮੁਕੱਦਮਾ ਕਰਨ ਦਾ ਹੱਕ ਹੈ।

### *ਨਿੱਜੀ ਸੱਟਾਂ ਦੇ ਮਾਹਰ ਵਕੀਲ (Personal Injury Lawyer) ਨਾਲ ਸੰਪਰਕ ਕਿਉਂ ਕੀਤਾ ਜਾਵੇ?*

ਸੱਟ ਲੱਗਣ ਵਾਲੇ ਵਿਅਕਤੀਆਂ ਲਈ ਇਹ ਮਹੱਤਵਪੂਰਨ ਹੈ ਕਿ ਉਹ ਨਿੱਜੀ ਸੱਟਾਂ ਦੇ ਤਜ਼ਰਬੇਕਾਰ ਵਕੀਲ ਦੀ ਭਾਲ ਕਰਨ ਅਤੇ ਖਾਸ ਕਰ ਕਿਸੇ ਅਜਿਹੇ ਵਕੀਲ ਦੀ ਜੋ ਦੀਵਾਨੀ ਮੁਕੱਦਮਿਆਂ ਦਾ ਪਰਮਾਣਤ ਮਾਹਰ ਹੋਵੇ। ਨਿੱਜੀ ਸੱਟਾਂ ਸੰਬੰਧੀ ਕਨੂੰਨ ਬਹੁਤ ਪੇਚੀਦਾ ਹੈ। ਜੇ ਤੁਹਾਨੂੰ ਦਿਲ ਦਾ ਆਪਰੇਸ਼ਨ (open heart surgery) ਕਰਵਾਉਣ ਦੀ ਲੋੜ ਹੈ

ਤਾਂ ਤੁਸੀਂ ਹੱਡੀਆਂ ਦੇ ਮਾਹਰ ਡਾਕਟਰ ਕੋਲ ਨਹੀਂ ਜਾਵੋਗੇ ਅਤੇ ਇਸੇ ਤਰ੍ਹਾਂ ਤੁਹਾਡੇ ਸੱਟ ਲੱਗ ਜਾਣ ਦੇ ਮਾਮਲੇ ਵਿੱਚ ਤੁਹਾਨੂੰ ਰੀਅਲ ਐਸਟੇਟ ਜਾਂ ਵਪਾਰਿਕ ਮਸਲਿਆਂ ਦੇ ਵਕੀਲ ਕੋਲ ਨਹੀਂ ਜਾਣਾ ਚਾਹੀਦਾ। ਲੋੜੀਂਦੇ ਤਜਰਬੇ ਵਾਲਾ ਨਿੱਜੀ ਸੱਟਾਂ ਦਾ ਮਾਹਰ ਵਕੀਲ ਹੀ ਮੁਆਵਜ਼ੇ ਦੇ ਸਾਰੇ ਸੰਭਾਵਤ ਮੌਕਿਆਂ ਦੀ ਪਹਿਚਾਣ ਕਰਨ ਦੇ ਸਮਰੱਥ ਹੋਵੇਗਾ।

# *ਪਾਬੰਦੀ ਅਤੇ ਨੋਟਿਸ ਦੀਆਂ ਮਿਆਦਾਂ*

ਇਹ ਭਾਗ ਸੱਟ ਲੱਗਣ ਵਾਲੇ ਵਿਅਕਤੀ ਵੱਲੋਂ ਮੁਕੱਦਮਾ ਕਰਨ ਦੀ ਯੋਗਤਾ ਸੰਬੰਧੀ ਸਮੇਂ ਦੀਆਂ ਆਮ ਪਾਬੰਦੀਆਂ ਬਾਰੇ ਦੱਸਦਾ ਹੈ। ਸਮੇਂ ਦੀਆਂ ਇਨ੍ਹਾਂ ਹੱਦਾਂ ਨੂੰ “ਪਾਬੰਦੀ ਦੀ ਮਿਆਦ” ਅਤੇ “ਨੋਟਿਸ ਦੀ ਮਿਆਦ” ਕਿਹਾ ਜਾਂਦਾ ਹੈ।

### *ਪਾਬੰਦੀ ਦੀਆਂ ਮਿਆਦਾਂ ਅਤੇ ਨੋਟਿਸ ਦੀਆਂ ਮਿਆਦਾਂ ਕੀ ਹੁੰਦੀਆਂ ਹਨ?*

“ਪਾਬੰਦੀ ਦੀ ਮਿਆਦ” ਇਹ ਉਹ ਸਮਾਂ ਹੁੰਦਾ ਹੈ ਜਿਸ ਦੇ ਅੰਦਰ ਅੰਦਰ ਮੁਕੱਦਮਾ ਦਾਇਰ ਕਰਨਾ ਹੁੰਦਾ ਹੈ। ਜੇ ਦਾਹਵਾ ਮਿਆਦ ਖ਼ਤਮ ਹੋਣ ਤੋਂ ਪਿੱਛੋਂ ਦਾਇਰ ਕੀਤਾ ਜਾਵੇ ਤਾਂ ਅਦਾਲਤਾਂ ਦਾਹਵੇ ਨੂੰ ਖ਼ਾਰਜ ਕਰ ਸਕਦੀਆਂ ਹਨ।

ਨੋਟਿਸ ਦੀ ਮਿਆਦ ਵੀ ਪਾਬੰਦੀ ਦੀ ਮਿਆਦ ਨਾਲ ਮਿਲਦੀ ਜੁਲਦੀ ਹੈ ਅਤੇ ਇਸ ਅਨੁਸਾਰ ਸੱਟ ਲੱਗਣ ਵਾਲੇ ਵਿਅਕਤੀ ਲਈ ਸਮੇਂ ਦੀ ਹੱਦ ਨਿਰਧਾਰਤ ਕੀਤੀ ਗਈ ਹੈ ਜਿਸ ਦੌਰਾਨ ਉਸਨੇ ਸੰਭਾਵੀ ਮੁਦਾਲਾ (ਦੋਸ਼ੀ) ਨੂੰ ਅਸਲ ਮੁਕੱਦਮਾ ਦਾਇਰ ਕਰਨ ਤੋਂ ਪਹਿਲਾਂ ਕਨੂੰਨੀ ਕਾਰਵਾਈ ਕਰਨ ਦਾ ਨੋਟਿਸ ਦੇਣਾ ਹੁੰਦਾ ਹੈ।

### *ਪਾਬੰਦੀ ਅਤੇ ਨੋਟਿਸ ਦੇਣ ਦੀਆਂ ਸਧਾਰਨ ਮਿਆਦਾਂ*

ਹੇਠ ਦਰਜ ਸੂਚੀ ਕੇਵਲ ਇੱਕ ਗਾਈਡ ਹੈ ਅਤੇ ਇਹ ਪਾਬੰਦੀ ਜਾਂ ਨੋਟਿਸ ਦੇ ਮਾਮਲਿਆਂ ਬਾਰੇ ਇੱਕ ਮਾਤਰ ਸਰੋਤ ਨਹੀਂ ਹੈ। ਕਈ ਵਿਭਿੰਨਤਾਵਾਂ ਹਨ ਜਿਹੜੀਆਂ ਇਸ ਗੱਲ ‘ਤੇ ਅਸਰ ਪਾ ਸਕਦੀਆਂ ਹਨ ਕਿ ਪਾਬੰਦੀ ਦੀ ਮਿਆਦ ਕਦੋਂ ਸ਼ੁਰੂ ਹੁੰਦੀ ਹੈ। ਜੇ ਤੁਹਾਡਾ ਕੋਈ ਸਵਾਲ ਹੋਵੇ ਤਾਂ ਕਨੂੰਨੀ ਪੇਸ਼ਾਵਰ ਦੀ ਸਲਾਹ ਲੈਣੀ ਚਾਹੀਦੀ ਹੈ।

ਸਾਲ 2004 ਵਿੱਚ ਆਂਟੇਰੀਓ ਸਰਕਾਰ ਨੇ ਪਾਬੰਦੀ ਦੀ ਮਿਆਦ ਸੰਬੰਧੀ ਕਨੂੰਨ ਬਦਲੇ ਹਨ। ਨਵੇਂ ਕਨੂੰਨਾਂ ਦਾ 1 ਜਨਵਰੀ 2004 ਤੋਂ ਪਹਿਲਾਂ ਵਾਪਰੀਆਂ ਘਟਨਾਵਾਂ ‘ਤੇ ਆਧਾਰਤ ਸ਼ੁਰੂ ਕੀਤੇ ਦਾਹਵਿਆਂ ‘ਤੇ ਕੋਈ ਅਸਰ ਨਹੀਂ ਪੈਂਦਾ ਜਿਨ੍ਹਾਂ ਵਿੱਚ ਸੱਟ ਲੱਗਣ ਵਾਲੇ ਵਿਅਕਤੀਆਂ ਨੂੰ ਉਸ ਤਾਰੀਖ ਤੋਂ ਪਹਿਲਾਂ ਦਾਹਵੇ ਦਾ ਕਾਰਨ ਬਣਨ ਵਾਲੇ ਤੱਥਾਂ ਦਾ ਪਤਾ ਸੀ। ਨਵੇਂ ਕਨੂੰਨਾਂ ਦਾ ਨੋਟਿਸ ਦੇਣ ਦੀ ਮਿਆਦ ਉੱਪਰ ਕੋਈ ਅਸਰ ਨਹੀਂ ਪੈਂਦਾ।

ਇਹ ਜਾਣਨਾ ਬਹੁਤ ਮਹੱਤਵਪੂਰਨ ਹੈ ਕਿ ਨਵੇਂ ਕਨੂੰਨਾਂ ਅਧੀਨ, ਪਾਬੰਦੀ ਦੀਆਂ ਮਿਆਦਾਂ ਉਦੋਂ ਤੀਕ ਸ਼ੁਰੂ ਨਹੀਂ ਹੁੰਦੀ ਜਦੋਂ ਤੀਕ ਸੱਟ ਲੱਗਣ ਵਾਲੇ ਵਿਅਕਤੀ ਨੂੰ ਦਾਹਵੇ ਦਾ ਕਾਰਨ ਬਣਨ ਵਾਲੇ ਤੱਥਾਂ ਦਾ ਪਤਾ ਨਾ ਲੱਗ ਜਾਵੇ ਜਾਂ ਉਹ ਮੁਨਾਸਿਬ ਸਮੇਂ ਵਿੱਚ ਇਨ੍ਹਾਂ ਦਾ ਪਤਾ ਨਾ ਕਰ ਲਵੇ।

ਪਾਬੰਦੀ ਅਤੇ ਨੋਟਿਸ ਦੀਆਂ ਸਧਾਰਨ ਮਿਆਦਾਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ:

| ਕਾਰਵਾਈ ਦੀ ਕਿਸਮ | ਪਾਬੰਦੀ ਅਤੇ ਨੋਟਿਸ ਦੀਆਂ ਮਿਆਦਾਂ |
| --- | --- |
| ਸਮਾਜਕ ਅਪਰਾਧ ਅਤੇ ਸੰਬੰਧਤ ਕਾਰਵਾਈਆਂ ਜਿੰਨ੍ਹਾਂ ‘ਤੇ ਦਾਹਵਾ ਕਰਨ ਦੀ ਕੋਈ ਖਾਸ ਮਿਆਦ ਲਾਗੂ ਨਹੀਂ (ਜਿਵੇਂ ਕਿ, ਕਿਸੇ ਨਿੱਜੀ ਜਾਇਦਾਦ ‘ਤੇ ਤਿਲਕ ਕੇ ਡਿੱਗ ਪੈਣਾ) | 6 ਸਾਲ (1 ਜਨਵਰੀ 2004 ਤੋਂ ਪਹਿਲਾਂ)<br>2 ਸਾਲ (1 ਜਨਵਰੀ 2004 ਤੋਂ ਪਿੱਛੋਂ) |
| ਸਰਕਾਰ (Crown) ਦੇ ਵਿਰੁੱਧ ਕਨੂੰਨੀ ਕਾਰਵਾਈ (ਜ਼ਮੀਨ ਦੀ ਮਲਕੀਅਤ ਅਤੇ ਕਬਜ਼ੇ ਨੂੰ ਛੱਡ ਕੇ) | ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਦਾਹਵੇ ਲਈ 60 ਦਿਨ ਦਾ ਨੋਟਿਸ ਦੇਣਾ ਜ਼ਰੂਰੀ ਹੈ। ਕਾਰਵਾਈ 2 ਸਾਲ ਦੇ ਵਿੱਚ ਵਿੱਚ ਸ਼ੁਰੂ ਕੀਤੀ ਜਾਵੇ। |
| ਹਾਈਵੇ ਦੀ ਮੁਰੰਮਤ | 2 ਸਾਲ<br>ਨੋਟਿਸ 10 ਦਿਨਾਂ ਦੇ ਵਿੱਚ ਵਿੱਚ |

| | |
|---|---|
| ਸੜਕੀ ਆਵਾਜਾਈ ਦੇ ਹਾਦਸੇ | 2 ਸਾਲ |
| ਹਸਪਤਾਲਾਂ ਦੀ ਅਤੇ ਡਾਕਟਰੀ ਲਾਪਰਵਾਹੀ | 2 ਸਾਲ |
| ਹਾਦਸੇ ਨਾਲ ਸੰਬੰਧਤ ਇਨਸ਼ੋਰੈਂਸ ਦੇ ਲਾਭ | ਇਨਸ਼ੋਰੈਂਸ ਕਰਨ ਵਾਲੇ ਵੱਲੋਂ ਲਾਭ ਦੇਣ ਤੋਂ ਨਾਂਹ ਕਰਨ ਤੋਂ 2 ਸਾਲ |

# ਵਕੀਲਾਂ ਦੀ

## ਡਾਇਰੈਕਟਰੀ

**Roger G. Oatley** (ਰੌਜਰ ਜੀ. ਓਟਲੀ)
ext. 400
rgoatley@oatleyvigmond.com

**Robert M. Durante** (ਰਾਬਰਟ ਐੱਮ. ਡਿਊਰਾਂਤੇ)
ext. 265
rdurante@oatleyvigmond.com

**Gayle T. Brock** (ਗੇਅਲ ਟੀ. ਬਰੌਕ)
ext. 333
gtbrock@oatleyvigmond.com

**Troy H. Lehman** (ਟ੍ਰਾਏ ਐੱਚ. ਲੀਹਮੈਨ)
ext. 258
tlehman@oatleyvigmond.com

**Ryan A. Murray** (ਰਾਅਨ ਏ. ਮੱਰੀ)
ext. 346
rmurray@oatleyvigmond.com

**Annette D. Jansen** (ਅਨੈੱਟ ਡੀ. ਜੈਨਸਨ)
ext. 385
ajansen@oatleyvigmond.com

**Ian Hu** (ਈਐਨ ਹੂ)
ext. 304
ihu@oatleyvigmond.com

**James L. Vigmond** (ਜੇਮਜ਼ ਐਲ. ਵਿਗਮਾਂਡ)
ext. 334
jvigmond@oatleyvigmond.com

**Brian M. Cameron** (ਬਰਾਇਨ ਐੱਮ. ਕੈਮਰਨ)
ext. 268
bcameron@oatleyvigmond.com

**William J. Teggart** (ਵਿਲੀਅਮ ਜੇ. ਟੈਗਰਟ)
ext. 273
wteggart@oatleyvigmond.com

**Adam R. Little** (ਐਡਮ ਆਰ. ਲਿਟਲ)
ext. 338
alittle@oatleyvigmond.com

**Natasha M. Palacio** (ਨਤਾਸ਼ਾ ਐਮ. ਪਲੈਸ਼ੀਓ)
ext. 225
npalacio@oatleyvigmond.com

**Drew R. Sinclair** (ਡ੍ਰਿਊ ਆਰ. ਸਿਨਕਲੇਅਰ)
**ext. 293**
dsinclair@oatleyvigmond.com

## ਦੁਰਘਟਨਾ ਕਾਰਨ ਮਿਲਣ ਵਾਲੇ ਲਾਭ ਦੇ ਸੰਚਾਲਕ (Accident Benefit Coordinators)

**Helen Barsby** (ਹੈਲਨ ਬਾਰਸਬੀ)
ext. 335
hbarsby@oatleyvigmond.com

**Rae Marie Hyde** (ਰੇਅ ਮੈਰੀ ਹਾਈਡ)
ext. 316
rmhyde@oatleyvigmond.com

**Josie Skelly** (ਹੋਜ਼ੀ ਸਕੈਲੀ)
ext. 322
jskelly@oatleyvigmond.com

**Nita Hill** (ਨੀਟਾ ਹਿੱਲ)
ext. 200
nhill@oatleyvigmond.com

**Bill Kirwin** (ਬਿੱਲ ਕਰਵਨ)
ext. 342
bkirwin@oatleyvigmond.com

**Sean Power** (ਸ਼ਾਨ ਪਾਵਰ)
ext. 312
spower@oatleyvigmond.com

**Kimberly Forsey** (ਕਿੰਬਰਲੀ ਫ਼ੋਰਸੀ)
ext. 234
kforsey@oatleyvigmond.com

***ਟਰਾਂਟੋ ਦਫ਼ਤਰ***
5140 Young Street,Suite 1510
Toronto, ON M2N 6L7
ਫ਼ੋਨ: 416.225.6550
ਫ਼ੈਕਸ:416.225.8935

***ਬੇਰੀ ਦਫ਼ਤਰ***
151 Ferris Lane, Suite 200
Barrie, ON L4M 6C1
ਫ਼ੋਨ: 705.726.9021
ਫ਼ੈਕਸ:705.726.2132

***ਸਡਬਰੀ ਦਫ਼ਤਰ***
1560 La Salle Boulevard, Unit H
Sudbury,ON, P3A 1Z7
ਸੰਪਰਕ ਲਈ ਫ਼ੋਨ:705.674.5121

***ਹੈਮਿਲਟਨ ਦਫ਼ਤਰ***
ਸੰਪਰਕ ਲਈ ਫ਼ੋਨ:905.525.9995

**ਟੋਲ ਫ੍ਰੀ : 888.662.2481**
**www.oatleyvigmond.com**

ਸਾਡੇ ਦੋਵੇਂ ਦਫ਼ਤਰ ਵੀਲ੍ਹ ਚੇਅਰ ਰਾਹੀਂ ਪਹੁੰਚਣਯੋਗ ਹਨ।
ਬੇਰੀ ਵਿਖੇ ਸਾਡਾ ਦਫ਼ਤਰ ਹਾਈਵੇ # 400 ਤੋਂ ਥੋੜ੍ਹੀ ਹੀ ਦੂਰ ਸਥਿਤ ਹੈ।
ਟਰਾਂਟੋ ਵਾਲਾ ਸਾਡਾ ਦਫ਼ਤਰ ਐਨ ਸ਼ੈਪਰਡ ਸਬਵੇਅ ਸਟੇਸ਼ਨ ਉੱਤੇ ਸਥਿਤ ਹੈ।